ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ
ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ।
(ਵਜੀਫਾ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),
ਪੰਜਾਬ ਰਾਜ।
ਮੀਮੋ ਨੰ:20/1-2016 ਵਜੀਫਾ(2)
ਮਿਤੀ: 13-10-2017

ਵਿਸਾ:- ਵਿਦਿਅਕ ਸੈਸਨ 2017- 18 ਦੌਰਾਨ ਪੋਸਟ ਮੈਟ੍ਰਿਕ ਐਸ.ਸੀ ਸਕੀਮ ਅਧੀਨ ਕਵਰ ਹੁੰਦੇ ਵਿਦਿਆਰਥੀਆਂ ਦੇ ਪੰਜਾਬ ਸਕੂਲ ਸਿੱਖਿਆ ਬੋਰਡ +2 ਦੀ ਪ੍ਰੀਖਿਆ ਫੀਸ ਤੋਂ ਛੋਟ ਲੈਣ ਲਈ ਬੋਰਡ ਦੇ ਆਨਲਾਈਨ ਫਾਰਮ ਭਰਨ ਸਮੇਂ ਵਿਦਿਆਰਥੀ ਦੀ ਡਾ. ਅੰਬੇਦਕਰ ਪੋਰਟਲ ਦੁਆਰਾ **generate ID** ਭਰਨ ਬਾਰੇ।

ਉਪਰੋਕਤ ਵਿਸੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਚਾਲੂ ਵਿਦਿਅਕ ਸੈਸਨ 2017-18 ਦੌਰਾਨ ਜਿਨ੍ਹਾਂ ਵਿਦਿਆਰਥੀਆਂ ਨੇ +2 ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਫੀਸ ਤੋਂ ਛੋਟ ਲੈਣੀ ਹੈ, ਉਨ੍ਹਾਂ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ +2 ਦੀ ਪ੍ਰੀਖਿਆ ਫੀਸ ਭਰਨ ਲਈ ਆਨਲਾਈਨ ਫਾਰਮ ਵਿੱਚ ਡਾ. ਅੰਬੇਦਕਰ ਪੋਰਟਲ ਦੁਆਰਾ **generate ID** ਭਰੀ ਜਾਵੇਗੀ। ਕੇਵਲ ਉਨ੍ਹਾਂ ਵਿਦਿਆਰਥੀਆਂ ਦੀ ਪ੍ਰੀਖਿਆ ਫੀਸਾਂ ਦੀ ਰੀਇੰਮਬਰਸਮੈਂਟ ਕੀਤੀ ਜਾਵੇਗੀ ਜਿਨ੍ਹਾਂ ਦੀ **ID match** ਕਰੇਗੀ। ਜੇਕਰ ਕਿਸੇ ਵੀ ਸਕੂਲ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੋਰਟਲ ਤੇ ਪ੍ਰੀਖਿਆ ਫੀਸ ਭਰਨ ਸਮੇਂ ਡਾ. ਅੰਬੇਦਕਰ ਪੋਰਟਲ ਦੀ **ID match** ਨਹੀਂ ਕਰੇਗੀ ਤਾਂ ਉਸ ਦੀ ਪ੍ਰੀਖਿਆ ਫੀਸ ਰਿਜਲਟ ਆਉਣ ਤੇ ਸਬੰਧਤ ਸਕੂਲ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭਰਨੀ ਪਵੇਗੀ।

ਪਿਛਲੇ ਵਿਦਿਅਕ ਸੈਸ਼ਨ 2016-17 ਦੌਰਾਨ ਹਦਾਇਤਾਂ ਦੇ ਬਾਵਜੂਦ ਵੀ ਕਾਫੀ ਵਿਦਿਆਰਥੀਆਂ ਵੱਲੋਂ ਪੋਰਟਲ ਤੇ **Dr. Ambedkar Portal ID** ਦੀ ਬਜਾਏ ਕੋਈ ਹੋਰ ਆਈ.ਡੀ ਭਰ ਦਿੱਤੀ ਗਈ ਸੀ, ਜਿਸ ਕਾਰਨ ਵਿਭਾਗ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਕਾਫੀ ਮੁਸਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ।

ਇਸ ਲਈ ਆਪਣੇ ਅਧੀਨ ਸਰਕਾਰੀ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਦਸ/- 13/10/17
ਵਿਸੇਸ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰ: ਉਕਤ ਮਿਤੀ: ਉਕਤ

ਉਕਤ ਦਾ ਉਤਾਰਾ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸੇਸ ਕਾਰਜ ਅਫਸਰ(ਵਜੀਫਾ)

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਸੰਗਰੂਰ

ਪਿੱਠ ਅੰਕਣ ਨੰਬਰ 7/187-2017 ਜ (2,8)/ 421 ਮਿਤੀ 16-10-2017

ਉਪਰੋਕਤ ਦੇ ਉਤਾਰਾ ਜਿਲ੍ਹੇ ਦੇ ਸਮੂਹ ਪ੍ਰਿੰਸੀਪਲ/ਮੁੱਖਅਧਿਆਪਕ, ਸਸਸਸ/ਸਹਸ/ਸਮਿਸ/ਏਡਿਡ/ਪ੍ਰਾਇਵੇਟ ਸਕੂਲਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੱਤਰ ਦੀ ਪਾਲਣਾ ਇੰਨ-ਬਿੰਨ ਯਕੀਨੀ ਬਣਾਈ ਜਾਵੇ।

16/10/17

ਉੱਪ-ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਸੰਗਰੂਰ